# ਗਰਭਾਵਸਥਾ ਅਤੇ MPOX

**ਜਦੋਂ ਕਿ ਕਿਸੇ ਨੂੰ ਵੀ mpox ਹੋ ਸਕਦਾ ਹੈ, ਇਸ ਵੇਲੇ ਜਨਤਾ ਵਿੱਚ ਮੌਜੂਦਾ ਪ੍ਰਸਾਰਣ ਦਰਾਂ ਘੱਟ ਹਨ। ਗਰਭਵਤੀ ਔਰਤਾਂ mpox ਤੋਂ ਬਹੁਤ ਜ਼ਿਆਦਾ ਬਿਮਾਰ ਹੋ ਸਕਦੀਆਂ ਹਨ, ਇਸ ਲਈ ਲੱਛਣਾਂ ਅਤੇ ਰੋਕਥਾਮ ਦੇ ਉਪਾਵਾਂ ਨੂੰ ਜਾਣਨਾ ਮਹੱਤਵਪੂਰਨ ਹੈ।**

## MPOX ਕੀ ਹੁੰਦਾ ਹੈ?

Mpox ਇੱਕ ਬਿਮਾਰੀ ਹੈ ਜੋ mpox ਵਾਇਰਸ ਕਾਰਨ ਹੁੰਦੀ ਹੈ। ਇਹ ਕਿਸੇ ਅਜਿਹੇ ਵਿਅਕਤੀ ਨਾਲ ਚਮੜੀ-ਦਾ-ਚਮੜੀ ਦੇ ਨਾਲ ਸੰਪਰਕ ਕਰਕੇ ਫੈਲਦੀ ਹੈ (ਗੱਲ੍ਹੇ ਲੱਗਣਾ, ਚੁੰਬਨ ਲੈਣ, ਜਿਨਸੀ ਸੰਭੋਗ...) ਜਿਸ ਨੂੰ mpox ਹੈ। ਇਹ mpox ਵਾਲੇ ਕਿਸੇ ਵਿਅਕਤੀ ਦੁਆਰਾ ਇਸਤੇਮਾਲ ਕੀਤੀਆਂ ਚੀਜ਼ਾਂ (ਕਪੜੇ, ਬਿਸਤਰੇ, ਤੌਲੀਏ)ਨੂੰ ਸਾਂਝੇ ਕਰਨ ਨਾਲ ਵੀ ਫੈਲਦੀ ਹੈ।

## MPOX ਦੇ ਲੱਛਣ ਕੀ ਹਨ?

**mpox ਵਾਲੇ ਲੋਕਾਂ, ਜਿਨ੍ਹਾਂ ਵਿੱਚ ਗਰਭਵਤੀ ਔਰਤਾਂ ਵੀ ਸ਼ਾਮਲ ਹਨ, ਵਿੱਚ ਹੇਠਾਂ ਲਿਖੇ ਲੱਛਣਾਂ ਦਿਖਾਈ ਦੇ ਸਕਦੇ ਹਨ। ਇੱਕ ਮੁੱਖ ਲੱਛਣ ਇੱਕ ਧੱਫੜ ਹੈ ਜੋ ਕਿ ਮੁਹਾਸੇ ਜਾਂ ਛਾਲੇ ਵਰਗਾ ਦਿਖਾਈ ਦੇ ਸਕਦਾ ਹੈ। ਇਹ ਚਿਹਰੇ 'ਤੇ, ਮੂੰਹ ਦੇ ਅੰਦਰ, ਅਤੇ ਸਰੀਰ ਦੇ ਦੂਜੇ ਹਿੱਸਿਆਂ ਜਿਵੇਂ ਕਿ ਹੱਥ, ਪੈਰ, ਛਾਤੀ, ਜਣਨ ਅੰਗਾਂ ਅਤੇ ਗੁਦਾ 'ਤੇ ਦਿਖਾਈ ਦੇ ਸਕਦੇ ਹਨ। ਕੁਝ ਮਾਮਲਿਆਂ ਵਿੱਚ, ਲੋਕ mpox ਉਸ ਤੋਂ ਵੀ ਪਹਿਲਾਂ ਫੈਲਾ ਸਕਦੇ ਹਨ ਜਦੋਂ ਤੱਕ ਕਿ ਉਨ੍ਹਾਂ ਵਿੱਚ ਕੋਈ ਲੱਛਣ ਦਿਖਾਈ ਨਾ ਦੇ ਰਹੇ ਹੋਣ।**

**ਹੋਰ ਲੱਛਣ**

- ਸਾਹ ਸੰਬੰਧੀ
- ਬੁਖਾਰ ਅਤੇ ਕੰਬਣੀ
- ਸਰੀਰ ਵਿੱਚ ਦਰਦ
- ਸੁੱਜੇ ਹੋਏ ਲਿੰਫ ਨੋਡਸ
- ਸਿਰਦਰਦ
- ਥਕਾਵਟ

## MPOX ਕਿਸੇ ਗਰਭਵਤੀ ਔਰਤ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ?

Mpox ਗਰਭ ਅਵਸਥਾ ਦੇ ਦੌਰਾਨ ਗਰੱਭਸਥ ਬੱਚੇ ਨੂੰ ਜਾਂ ਜਨਮ ਦੇ ਦੌਰਾਨ ਅਤੇ ਬਾਅਦ ਵਿੱਚ Mpox ਧੱਫੜ ਜਾਂ ਜ਼ਖਮਾਂ ਦੇ ਸੰਪਰਕ ਦੁਆਰਾ ਨਵਜੰਮੇ ਬੱਚੇ ਨੂੰ ਹੋ ਸਕਦਾ ਹੈ। ਗਰਭ ਅਵਸਥਾ ਵਿੱਚ Mpox ਗਰਭਪਾਤ, ਬੱਚੇ ਦਾ ਬਹੁਤ ਜਲਦੀ ਜਨਮ (ਸਮੇਂ ਤੋਂ ਪਹਿਲਾਂ ਜੰਮਣਾ), ਜਾਂ ਜਣੇਪੇ ਤੋਂ ਪਹਿਲਾਂ ਭਰੂਣ ਦੀ ਮੌਤ ਹੋਣਾ ਵੀ ਹੋ ਸਕਦਾ ਹੈ।

## ਤੁਸੀਂ MPOX ਨੂੰ ਫੈਲਣ ਤੋ ਕਿਵੇਂ ਰੋਕ ਸਕਦੇ ਹੋ?

- ਅਜਿਹੇ ਕਿਸੇ ਵੀ ਵਿਅਕਤੀ ਨਾਲ ਨਜ਼ਦੀਕੀ ਸੰਪਰਕ ਤੋਂ ਬਚੋ ਜਿਸ ਨੂੰ mpox ਹੈ ਜਾਂ ਹੋ ਸਕਦਾ ਹੈ ਜਾਂ ਜਿਸ ਨੂੰ ਅਣਜਾਣ ਧੱਫੜ ਜਾਂ ਫੋੜੇ ਹੋਏ ਹਨ।
- ਆਪਣੇ ਜਿਨਸੀ ਸਾਥੀ ਜਾਂ ਸਾਥੀਆਂ ਨੂੰ ਪੁੱਛੋ ਕਿ ਕੀ ਉਹਨਾਂ ਨੂੰ ਧੱਫੜ ਜਾਂ ਫੋੜੇ ਜਾਂ ਹੋਰ mpox ਦੇ ਲੱਛਣ ਹਨ ਜਾਂ ਉਹਨਾਂ ਵਾਲੇ ਕਿਸੇ ਵਿਅਕਤੀ ਨਾਲ ਸੰਪਰਕ ਹੋਇਆ ਹੈ।
- ਕਿਸੇ ਅਜਿਹੇ ਵਿਅਕਤੀ ਨਾਲ ਚੀਜ਼ਾਂ ਸਾਂਝੀਆਂ ਕਰਨ ਤੋਂ ਪਰਹੇਜ਼ ਕਰੋ ਜਿਸ ਨੂੰ mpox ਹੈ। ਚੀਜ਼ਾਂ ਨੂੰ ਦੂਜਿਆਂ ਦੁਆਰਾ ਵਰਤਣ ਤੋਂ ਪਹਿਲਾਂ ਸਾਫ਼ ਅਤੇ ਰੋਗਾਣੂ ਮੁਕਤ ਕੀਤਾ ਜਾਣਾ ਚਾਹੀਦਾ ਹੈ।
- ਜੇਕਰ ਤੁਹਾਨੂੰ ਕੋਈ ਕਿਰਿਆਸ਼ੀਲ ਧੱਫੜ ਜਾਂ ਹੋਰ ਲੱਛਣ ਹਨ, ਤਾਂ ਇੱਕ ਵੱਖਰੇ ਕਮਰੇ ਜਾਂ ਖੇਤਰ ਵਿੱਚ ਉਹਨਾਂ ਲੋਕਾਂ ਜਾਂ ਪਾਲਤੂ ਜਾਨਵਰਾਂ ਤੋਂ ਦੂਰ ਰਹੋ ਜਿਹਨਾਂ ਨਾਲ ਤੁਸੀਂ ਰਹਿੰਦੇ ਹੋ। ਜੇ ਤੁਹਾਨੂੰ ਆਪਣੇ ਘਰ ਵਿੱਚ ਦੂਜਿਆਂ ਦੇ ਆਸ-ਪਾਸ ਰਹਿਣ ਦੀ ਲੋੜ ਹੈ (ਜਿਵੇਂ ਕਿ ਬੱਚਿਆਂ ਜਾਂ ਪਰਿਵਾਰਕ ਮੈਂਬਰਾਂ ਦੀ ਦੇਖਭਾਲ ਕਰਨਾ), ਤਾਂ ਜ਼ਖਮਾਂ/ਧੱਫੜਾਂ ਨੂੰ ਢੱਕੋ ਅਤੇ ਮਾਸਕ ਪਾਓ।

## ਕੀ ਉਨ੍ਹਾਂ ਔਰਤਾਂ ਲਈ MPOX ਦਾ ਕੋਈ ਟੀਕਾ ਜਾਂ ਇਲਾਜ ਹੈ ਜੋ ਗਰਭਵਤੀ ਹਨ?

**mpox ਟੀਕਾ ਉਹਨਾਂ ਲਈ ਹੈ ਜੋ ਆਪਣੇ ਆਪ ਨੂੰ mpox ਹੋਣ ਦੇ ਜੋਖਮ ਵਿੱਚ ਸਮਝਦੇ ਹਨ ਅਤੇ ਲਾਗ ਨੂੰ ਰੋਕਣ ਅਤੇ ਗੰਭੀਰ ਬਿਮਾਰੀ ਨੂੰ ਘਟਾਉਣ ਵਿੱਚ ਮਦਦ ਕਰ ਸਕਦੇ ਹਨ। ਟੀਕਾ ਕਿਸੇ ਅਜਿਹੇ ਵਿਅਕਤੀ ਨੂੰ ਵੀ ਲਗਾਇਆ ਜਾ ਸਕਦਾ ਹੈ ਜੋ ਸੰਪਰਕ ਤੋਂ ਬਾਅਦ ਪਹਿਲੇ 4-14 ਦਿਨਾਂ ਦੇ ਅੰਦਰ mpox ਦੇ ਸੰਪਰਕ ਵਿੱਚ ਆਏ ਸਨ। ਲੱਛਣ ਵਿਕਸਿਤ ਹੋਣ ਵਾਲੇ ਲੋਕਾਂ ਲਈ ਇਲਾਜ ਵੀ ਉਪਲਬਧ ਹੈ।**

**ਕਿਉਂਕਿ ਗਰਭਵਤੀ ਔਰਤਾਂ ਨੂੰ mpox ਤੋਂ ਬਹੁਤ ਜ਼ਿਆਦਾ ਬਿਮਾਰ ਹੋਣ ਦਾ ਖ਼ਤਰਾ ਹੁੰਦਾ ਹੈ, ਇਸਲਈ ਜੇਕਰ ਤੁਹਾਨੂੰ ਲੱਛਣ ਨਜ਼ਰ ਆਉਂਦੇ ਹਨ ਜਾਂ ਤੁਸੀ ਕਿਸੇ ਲਾਗ ਲਗੇ ਵਿਅਕਤੀ ਦੇ ਸੰਪਰਕ ਵਿੱਚ ਆਏ ਹੋ ਤਾਂ ਫੌਰਨ ਕਿਸੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰਨਾ ਮਹੱਤਵਪੂਰਨ ਹੈ।**

**GO.CDPH.CA.GOV/MPOX**

Pregnancy & Monkeypox • Punjabi
June 2023 • © 2023, California Department of Public Health